# ਪੰਜਾਬੀ ਵਿਰਸਾ ਸੋਸਾਇਟੀ ਨੇ ਸਵੀਡਨ ਨਚਾਇਆ



ਓਸਲੋ/ਰੁਪਿੰਦਰ ਢਿੱਲੋ ਮੋਗਾ

ਪਿਛਲੇ ਦਿਨੀ ਸਵੀਡਨ ਦੀ ਰਾਜਧਾਨੀ ਸਟਾਕਹੋਮ ਵਿਖੇ ਸਵੀਡਨ ਸਥਿਤ ਭਾਰਤੀ ਅੰਬੈਸੀ ਦੇ ਸਹਿਯੋਗ ਨਾਲ ਇੱਕ ਸ਼ਾਨਦਾਰ ਸਭਿਆਚਾਰਿਕ ਦੇਸੀ ਨਾਈਟ ਦਾ ਆਜੋਯਨ ਹੋਇਆ। ਦੁਨੀਆ ਭਰ ਚ ਪੰਜਾਬੀ ਸਭਿਆਚਾਰ, ਵਿਰਸਾ ਅਤੇ ਮਾਂ ਬੋਲੀ ਨੂੰ ਬੁਲੰਦੀਆ ਵੱਲ ਲਿਜਾਣ ਦੇ ਮੱਕਸਦ ਨਾਲ ਸਥਾਪਿਤ ਕੀਤੀ ਸੰਸਥਾ ਪੰਜਾਬੀ ਵਿਰਸਾ ਸੋਸਾਇਟੀ ਦੇ ਪ੍ਰਧਾਨ ਸ੍ ਪਰਮਜੀਤ ਸਿੰਘ ਜੱਸੀ ਉਰੱਫ ਭਕਨਾ ਅਮਲੀ ਅਤੇ ਸਹਿਯੋਗੀ ਕਲਾਕਾਰ ਪ੍ਰਸਿਧ ਪੰਜਾਬੀ ਸਿੰਗਰ ਸੋਨੂੰ ਵਿਰਕ,ਨਵਨੀਦੀ ਸੰਧੂ,ਕਿਰਨਦੀਪ ਦੀਪੂ ਆਦਿ ਦੀ ਅਦਾਕਾਰੀ ਨੇ ਆਏ ਹੋਏ ਦਰਸਕਾ ਨੂੰ 4-5 ਘੰਟੇ ਬੰਨੀ ਰੱਖਿਆ।ਜਿਥੇ ਇੱਕ ਪਾਸੇ ਭਕਨਾ ਅਮਲੀ ਨੇ ਆਪਣੀਆ ਚਰਚਿਤ ਹਾਸ ਰਸ ਕੈਸਟਾ ਮਿਸਟਰ ਇੰਡੀਆ, ਬਾਪੂ ਦਾ ਬੀਮਾ, ਪੰਗਾ ਫੈਮਿਲੀ ਦਾ ਅਤੇ ਭਕਨਾ ਅਮਲੀ ਸੱਚ ਬੋਲਦਾ ਆਦਿ ਦੇ ਹਾਸੇ ਭਰਪੂਰ ਡਾਈਲਾਗਾ ਨਾਲ ਸਰੋਤਿਆ ਦੇ ਢਿੱਡੀ ਪੀੜਾ ਪਾਈਆ ਤੇ ਦੂਸਰੇ ਪਾਸੇ ਮਸ਼ਹੂਰ ਪੰਜਾਬੀ ਗਾਇਕ ਸੋਨੂੰ ਵਿਰਕ ਨੇ ਚਰਚਿਤ ਗੀਤਾ ਜੱਟਾ ਦੇ ਕਾਕੇ,ਨਚਾਉਦੀ ਤੇਰੀ ਅੱਖ ਬਲੀਏ,ਜਿੰਨਾ ਚਿਰ ਟਾਈਮ ਅਸੀ ਤੇਰੇ ਪਿੱਛੇ ਗਾਲ ਦਿੱਤਾ,ਸ਼ੌਕੀਨ ਮੁੰਡੇ,ਟੱਕੂਆ, ਬਾਈ ਜੀ ਆਦਿ ਦੇ ਬੋਲਾ ਤੇ ਦਰਸ਼ਕਾ ਨੂੰ ਖੂਬ ਨਚਾਇਆ।ਨਵਨੀਦੀ ਸੰਧੂ ਦੇ ਕਲਾਸੀਕਲ ਡਾਂਸ ਅਤੇ ਕਿਰਨਦੀਪ ਦੀਪੂ ਦੇ ਗੀਤਾ ਨੇ ਦਰਸ਼ਕਾ ਨੂੰ ਪ੍ਰੋਗਰਾਮ ਦੇ ਸਮਾਪਤੀ ਤੱਕ ਥਿਰੱਕਣ ਲਈ ਮਜਬੂਰ ਕਰੀ ਰੱਖਿਆ।ਪ੍ਰੋਗਰਾਮ ਦੌਰਾਨ ਮਿਊਜਿਕਲ ਸੰਗੀਤ ਦੀਆ ਧੁੰਨਾ ਤੇ ਸੰਗੀਤ ਮਾਹਰ ਸੰਜੈ ਸ਼ਰਮਾ,ਵਿਜੈ ਕੁਮਾਰ ਅਤੇ ਅਜੈ ਕੁਮਾਰ ਢੋਲੀ ਨੇ ਆਪਣਾ ਫੰਨ ਪੇਸ਼ ਕਰ ਪੌਗਰਾਮ ਨੂੰ ਬੁੰਲਦੀ ਦੀ ਟੀਸੀ ਤੇ ਪਹੁੰਚਾਉਣ ਚ ਕੋਈ ਕਸਰ ਨਹੀ ਛੱਡੀ।ਇਸ ਪ੍ਰੋਗਰਾਮ ਦੇ ਸਪਾਂਸਰ ਸੰਸਥਾ ਨਾਈਸ ਸਵੀਡਨ ਦੇ ਪ੍ਰਧਾਨ ਸ੍ ਹਰਿੰਦਰ ਸਿੰਘ ਭੁੱਲਰ ਨੇ ਪੰਜਾਬੀ ਵਿਰਸਾ ਸੋਸਾਇਟੀ ਦੇ ਪ੍ਰਧਾਨ ਪਰਮਜੀਤ ਸਿੰਘ ਜੱਸੀ(ਭਕਨਾ ਅਮਲੀ) ਨੂੰ ਸਨਮਾਨਿਤ ਕਰਦੇ ਹੋਏ ਕਿਹਾ ਕਿ ਅਸੀ ਆਪ ਸੱਭ ਦੇ ਅਤਿ ਧੰਨਵਾਦੀ ਹਾ, ਕਿ ਤੁਸੀ ਪੰਜਾਬੀਅਤ ਨੂੰ ਦੁਨੀਆ ਭਰ ਚ ਪ੍ਰਫੁੱਲਤ ਕਰਨ ਦੇ ਮਕੱਸਦ ਨਾਲ ਸਾਡੇ ਵਿਹੜੇ ਸਵੀਡਨ ਆਏ ਅਤੇ ਇਹ ਪੰਜਾਬੀ ਸਭਿਆਚਾਰ ਰੌਣਕਾ ਲਈਆ।ਇਸ ਪ੍ਰੋਗਰਾਮ ਦਾ ਨਿਰਦੇਸ਼ਨ ਸ੍ ਰਣਜੀਤ ਸਿੰਘ ਧਾਲੀਵਾਲ ਤੇ ਸ੍ ਆਜ਼ਾਦ ਸਿੰਘ ਭੁੱਲਰ ਵੱਲੋ ਕੀਤਾ ਗਿਆ।ਇਸ ਮੌਕੇ ਪੰਜਾਬ ਕਲਚਰ ਸੋਸਾਇਟੀ ਸਵੀਡਨ ਦੇ ਪ੍ਰਧਾਨ ਸ੍ ਰਣਜੀਤ ਸਿੰਘ ਧਾਲੀਵਾਲ ਨੇ ਪੰਜਾਬੀ ਸਭਿਆਚਾਰ ਪ੍ਰੇਮੀਆ ਨੂੰ ਖੁੱਲਾ ਸੱਦਾ ਦਿੱਤਾ ਕਿ ਪੰਜਾਬੀ ਵਿਰਸਾ ਸੋਸਾਇਟੀ ਦੀ ਵਰਕਸ਼ਾਪ ਨਾਲ ਜੁੜੋ ਅਤੇ 2 ਅਕਤੂਬਰ 2010 ਨੂੰ ਪੰਜਾਬੀ ਵਿਰਸਾ ਸੋਸਾਇਟੀ ਵੱਲੋ ਗਾਂਧੀ ਜੰਐਤੀ ਮੌਕੇ ਸਭਿਆਚਾਰਿਕ ਇੱਕਠ ਚ ਸ਼ਾਮਿਲ ਹੋ ਪ੍ਰੋਗਰਾਮ ਦੀ ਰੌਣਕ ਵਧਾਉ,ਵਧੇਰੇ ਜਾਣਕਾਰੀ ਸਿੰਘ ਡਾਟ ਐਸ ਈ ਤੇ ਪ੍ਰਾਪਤ ਕੀਤੀ ਜਾ ਸੱਕਦੀ ਹੈ। ਕੁੱਲ ਮਿਲਾ ਕੇ ਇਹ ਪ੍ਰੋਗਰਾਮ ਬੇਹੱਦ ਸਫਲ ਰਿਹਾ , ਜਿਸ ਦਾ ਨਜ਼ਾਰਾ ਨਾ ਕੇਵਲ ਭਾਰਤੀਆ ਬਲਕਿ ਦੂਸਰੇ ਮੁੱਲਕਾ ਦੇ ਲੋਕਾ ਅਤੇ ਸਵੀਡਿਸ਼ ਮੂਲ ਦੇ ਲੋਕਾ ਨੇ ਵੀ ਮਾਣਿਆ।

## ਆਜ਼ਾਦ ਸਪੋਰਟਸ ਕਲਚਰਲ ਕੱਲਬ (ਨਾਰਵੇ) ਵੱਲੋ ਸ਼ਾਨਦਾਰ ਪਲੇਠਾ ਇਨਡੋਰ ਵਾਲੀਬਾਲ ਟੂਰਨਾਂਮੈਂਟ ਕਰਵਾਇਆ ਗਿਆ

ਆਸਕਰ /ਢਿੱਲੋ ਮੋਗਾ

ਨਾਰਵੇ ਦੀ ਰਾਜਧਾਨੀ ਓਸਲੋ ਤੋ ਤਕਰੀਬਨ 35 ਕਿ ਮਿ ਦੀ ਦੂਰੀ ਤੇ ਸਥਿਤ ਹੈਗੇਦਾਲ ਦੇ ਸਪੋਰਟਸ ਹਾਲ ਵਿਖੇ ਆਜ਼ਾਦ ਸਪੋਰਟਸ ਕਲਚਰਲ ਕੱਲਬ ਵੱਲੋ ਸ਼ਾਨਦਾਰ ਵਾਲੀਬਾਲ ਟੂਰਨਾਂਮੈਂਟ ਕਰਵਾਇਆ ਗਿਆ। ਨਾਰਵੇ ਚ ਭਾਰਤੀ ਭਾਈਚਾਰੇ ਨਾਲ ਸੰਬੱਧਤ ਵਾਲੀਬਾਲ ਕੱਲਬਾ ਦੇਸੀ ਵੀਕਿੰਗ, ਅਣਖੀਲਾ ਪੰਜਾਬ ਕੱਲਬ, ਕ੍ਰਿੰਗਸ਼ੇ 1ਸਲੋ, ਆਜ਼ਾਦ ਕੱਲਬ ਦੀਆ ਵੱਖ ਵੱਖ ਟੀਮਾ, ਸ਼ੇਰੇ ਪੰਜਾਬ, ਦਸਮੇਸ਼ ਸਪੋਰਟਸ ਕੱਲਬ, ਸ਼ਹੀਦ ਉੱਧਮ ਸਿੰਘ ਕੱਲਬ ਦਰਾਮਨ, ਐਮ ਸੀ ਫਾਈਟਰ ਕੱਲਬ, ਸ਼ੇਰੇ ਪੰਜਾਬ ਕੱਲਬ ਦਰਾਮਨ ਆਦਿ ਦਰਮਿਆਨ ਆਪਸੀ ਸੂਟਿੰਗ ਅਤੇ ਸਮਥੇਸਿੰਗ ਦੇ ਮੈਚ ਕਰਵਾਏ ਗਏ । ਅਰਦਾਸ ਉਪਰੱਤ ਮੈਚਾ ਦੀ ਸ਼ੁਰੂਆਤ ਹੋਈ ਅਤੇ ਦਰਸ਼ਕਾ ਨੇ ਵਾਲੀਬਾਲ ਮੈਚਾ ਦਾ ਆਨੰਦ ਮਾਣਿਆ। ਆਜ਼ਾਦ ਸਟਾਰ ਕੱਲਬ ਟੀਮ (ਨਾਰਵੇ) ਦੇ ਖਿਡਾਰੀ ਸੂਟਿੰਗ ਚ ਜੈਤੂ ਰਹੇ ਅਤੇ ਰਨਰ ਅਪ ਅਣਖੀਲਾ ਪੰਜਾਬ ਦੀ ਟੀਮ ਰਹੀ। ਸਮੈਸ਼ਿੰਗ ਦੇ ਫਾਈਨਲ ਮੁਕਾਬਲੇ ਚ ਦੇਸੀ ਵੀਕਿੰਗ ਦੀ ਟੀਮ ਪਹਿਲੇ ਨੰਬਰ ਤੇ ਅਤੇ ਆਜਾਦ ਕੱਲਬ ਦੀ ਟੀਮ ਰਨਰ ਅਪ ਰਹੀ, ਕੱਲਬ ਵੱਲੋ ਜੇਤੂ ਟੀਮਾ ਨੂੰ ਸਹੋਣੇ ਇਨਾਮ ਅਤੇ ਨਕਦ ਰਾਸ਼ੀ ਦੇ ਸਨਮਾਨਿਤ ਕੀਤਾ ਗਿਆ । ਕੱਲਬ ਵੱਲੋ ਸਵੇਰ ਤੋ ਹੀ ਚਾਹ ਪਾਣੀ ਅਤੇ ਬਾਅਦ ਚ ਲੰਗਰ ਦਾ ਸੋਹਣਾ ਪ੍ਰੰਬੱਧ ਕੀਤਾ ਗਿਆ। ਪ੍ਰੋਗਰਾਮ ਦੇ ਆਖਿਰ ਚ ਛੋਟੇ ਬੱਚਿਆ ਬੱਚੀਆ ਵੱਲੋ ਭੰਗੜਾ ਪਾ ਦਰਸ਼ਕਾ ਅਤੇ ਖਿਡਾਰੀਆ ਨੂੰ ਨੱਚਣ ਲਾ ਦਿੱਤਾ । ਰੈਫਰੀ ਦੀ ਸੇਵਾ ਰਮਿੰਦਰ ਸਿੰਘ, ਕੁਲਵਿੰਦਰ ਸਿੰਘ ਰਾਣਾ, ਹਰਦੀਪ ਸਿੰਘ, ਡਿੰਪੀ ਮੋਗਾ, ਰਾਣਾ ਤਰਾਨਬੀ ਆਦਿ ਵੱਲੋ ਬੜੀ ਬੇਖੂਬੀ ਨਾਲ ਨਿਭਾਈ ਗਈ ਅਤੇ ਸਕੋਰ ਬੋਰਡ ਤੇ ਸ੍ ਗੁਰਦਿਆਲ ਸਿੰਘ ਆਸਕਰ, ਸ੍ ਸੁਖਦੇਵ ਸਿੰਘ, ਸ੍ ਜਸਵੰਤ ਸਿੰਘ ਬੈਸ, ਜੋਗਿੰਦਰ ਸਿੰਘ ਬੈਸ ( ਤੱਲਣ ), ਜਸਪ੍ਰੀਤ ਸਿੰਘ ਸੋਨੂੰ ਆਦਿ ਆਪਣੀਆ ਜੁੰਮੇਵਾਰੀਆ ਤੇ ਡੱਟੇ ਰਹੇ । ਆਜਾਦ ਸਪੋਰਟਸ ਕੱਲਬ ਵੱਲੋ ਕੱਲਬ ਦੇ ਪੁਰਾਣੇ ਅਹੁਦੇਦਾਰਾ ਸ੍ ਸੰਤੋਖ ਸਿੰਘ ਨੱਤ (ਹਾਲ ਨਿਵਾਸੀ ਕੇਨੈਡਾ) ਸ੍ ਕੁਲਦੀਪ ਸਿੰਘ ਵਿਰਕ, ਸ੍ ਜਤਿੰਦਰ ਸਿੰਘ ਬੈਸ, ਸ੍ ਅਵਤਾਰ ਸਿੰਘ, ਸ੍ ਗੁਰਦੀਪ ਸਿੰਘ ਆਦਿ ਨੂੰ ਕੱਲਬ ਪ੍ਰਤੀ ਸੇਵਾ ਅਤੇ ਉਦੱਮ ਲਈ ਟਰਾਫੀਆ ਦੇ ਸਨਮਾਨਿਤ ਕੀਤਾ ਗਿਆ । ਇਸ ਸਫਲ ਟੂਰਨਾਮੈਂਟ ਕਰਵਾਉਣ ਦਾ ਸਿਹਰਾ ਆਜਾਦ ਕੱਲਨ ਨਾਰਵੇ ਦੇ ਸਮੂਹ ਮੈਬਰਾ (ਔਰਤਾ/ ਮਰਦਾ) ਅਤੇ ਸਹਿ ਸਹਿਯੋਗੀਆ ਨੂੰ ਜਾਦਾ ਹੈ। ਸਮਾਪਤੀ ਵੇਲੇ ਕੱਲਬ ਅਹੁਦੇਦਾਰਾ ਵੱਲੋ ਦਰਸਕਾ ਅਤੇ ਆਈਆ ਹੋਈਆ ਟੀਮਾ ਦਾ ਤਹਿ ਦਿਲੋ ਧੰਨਵਾਦ ਕੀਤਾ ਗਿਆ।

## ਨਾਰਵੇ 'ਚ ਪੰਜਾਬਣ ਮੁਟਿਆਰਾ ਵੱਲੋ ਸ਼ਾਨਦਾਰ ਮੇਲਾ



ਓਸਲੋ/ਰੁਪਿੰਦਰ ਢਿੱਲੋ ਮੋਗਾ

ਬੀਤੇ ਦਿਨੀ ਪੰਜਾਬੀ ਦੇ ਅਖਾਣ ਨੱਚਾ ਮੈ ਲੁਧਿਆਣੇ ਤੇ ਧਮਕ ਜੰਲਧਰ ਪੈਦੀ ਨੂੰ ਕੁੱਝ ਇਸ ਤਰਾ ਨਾਰਵੇ ਦੀਆ ਪੰਜਾਬਣਾ ਨੇ ਸੱਚ ਕੀਤਾ ਕਿ ਨੱਚਾ ਮੈ ਓਸਲੋ ਤੇ ਧਮਕ ਮੇਰੇ ਪਿੰਡ ਪੈਦੀ ਨੂੰ ਸੱਚ ਕਰਦਿਆ ਇੱਕ ਸ਼ਾਨਦਾਰ ਓਸਲੋ ਸਮਰ ਮੇਲਾ ਤੇ ਤੀਆ ਨੂੰ ਸਮਰਪਿਤ ਇੱਕਠ ਦਾ ਆਜੋਯਨ ਸੈਦਸਮੋਕਰੀਸ ਦੇ ਹਾਲ ਵਿਚ ਕਰਵਾਇਆ ਗਿਆ। ਜਿਸ ਵਿਚ ਓਸਲੋ ਤੋ ਇਲਾਵਾ ਦਰਾਮਨ ਸੰਨਦਵੀਕਾ ਇਲਾਕੇ ਤੋ ਭਾਰੀ ਸੰਖਿਆ ਵਿਚ ਪੰਜਾਬਣ ਮੁਟਿਆਰਾ ਨੇ ਹਿੱਸਾ ਲਿਆ ਅਤੇ ਰੱਲ ਮਿੱਲ ਇੱਕਠੇ ਹੋ ਗਿੱਧਾ ਪਾ ਤੀਆ ਦੇ ਤਿਉਹਾਰ ਨੂੰ ਮਨਾਇਆ।ਨਾਰਵੇ ਵਿਚ ਜੰਮੀਆ ਪੱਲੀਆ ਜਵਾਨ ਲੜਕੀਆ ਵੀ ਕਿਸੇ ਗੱਲੋ ਮਗਰ ਨਹੀ ਸਨ, ਆਪਣੀਆ ਮਾਂਵਾ ਭੈਣਾ, ਚਾਚੀਆ, ਮਾਸੀਆ ਨੂੰ ਵੇਖ ਉਹ ਵੀ ਗਿੱਧੇ ਪਾਉਣ ਚ ਕਿੱਸੇ ਤੋ ਪਿੱਛੇ ਨਹੀ ਰਹੀਆ।ਪੰਜਾਬੀ ਸੂਟਾ ਅਤੇ ਰੰਗ ਬਿਰੰਗੀਆ ਪਟਿਆਲਾ ਸ਼ਾਹੀ ਪਰਾਂਦੀਆ ਚ ਸੱਜੀਆ ਮੁਟਿਆਰਾ ਨੂੰ ਵੇਖ ਇਹ ਨਾਰਵੇ ਨਾ ਹੋ ਪੰਜਾਬ ਦਾ ਮਾਹੋਲ ਜਾਪ ਰਿਹਾ ਸੀ।ਇਸ ਪ੍ਰੋਗਰਾਮ ਦਾ ਸਾਰਾ ਪ੍ਰੰਬੱਧ ਮੁਟਿਆਰਾ ਵੱਲੋ ਹੀ ਕੀਤਾ ਗਿਆ।ਪ੍ਰੋਗਰਾਮ ਵਿੱਚ ਚਾਹ ਪਾਣੀ ਜਲੇਬੀਆ ਪਕੋੜਿਆ ਤੋ ਇਲਾਵਾ ਆਜੋਯਕਾ ਵੱਲੋ ਸ਼ਾਮ ਦੇ ਖਾਣੇ ਦਾ ਵੀ ਸਹੋਣਾ ਪ੍ਰੰਬੱਧ ਕੀਤਾ ਗਿਆ।ਜਿੱਥੇ ਅਰੌਤਾ ਵੱਲੋ ਰੱਲ ਮਿਲ ਗਿੱਧਾ ਪਾ ਖੁਸ਼ੀ ਦਾ ਇਜਹਾਰ ਕੀਤਾ , ਉਥੇ ਹੀ ਗਭਰੂ ਟੋਲੀਆ ਬਣਾ ਗੱਲਾ ਬਾਤਾ ਚ ਮਸ਼ਰੂਫ ਰਹੇ।4-5 ਘੰਟੇ ਚੱਲੇ ਇਸ ਪ੍ਰੋਗਰਾਮ ਦੇ ਆਖਿਰ ਚ ਲਾਟਰੀ ਸਿਸਟਮ ਦੇ ਜ਼ਰੀਏ ਇਨਾਮ ਕੱਢੇ ਗਏ। ਇਸ ਪ੍ਰੋਗਰਾਮ ਨੂੰ ਕਰਵਾਉਣ ਦਾ ਸਿਹਰਾ ਸੁਰਿੰਦਰ ਕੌਰ ਬਾਜਵਾ,ਨਵਜੋਤ ਕੌਰ, ਪ੍ਰੀਤਪਾਲ ਕੌਰ, ਜਸਬੀਰ ਕੌਰ, ਮਨਿੰਦਰ ਕੌਰ,ਸਰਬਜੀਤ ਕੌਰ ਬਰਾੜ, ਸਰਬਜੀਤ ਕੌਰ, ਕਰਮਜੀਤ ਕੌਰ, ਪ੍ਰਮਿੰਦਰ ਕੌਰ, ਕੁਲਜੀਤ ਕੌਰ, ਕੁਲਵਿੰਦਰ ਕੌਰ, ਰਾਜਦੀਪ ਕੌਰ, ਬਲਜਿੰਦਰ ਕੌਰ, ਸੁਖਵਿੰਦਰ ਕੌਰ, ਕਰਮਜੀਤ ਕੌਰ, ਚਰਨਜੀਤ ਕੌਰ ਆਦਿ ਨੂੰ ਜਾਦਾ ਹੈ। ਪ੍ਰੋਗਰਾਮ ਸਮਾਪਤੀ ਵੇਲੇ ਓਸਲੋ ਸਮਰ ਮੇਲੇ ਦੀ ਪ੍ਰਬੰਧਕੀ ਟੀਮ ਵੱਲੋ ਹਰ ਇੱਕ ਦਾ ਤਹਿ ਦਿਲੋ ਧੰਨਵਾਦ ਕੀਤਾ ਗਿਆ।